# ਤਰਜੀਹੀ ਪ੍ਰਾਇਮਰੀ ਸੰਭਾਲ ਕੇਂਦਰ (ਕੇਅਰ ਸੈਂਟਰ)

**ਦਫ਼ਤਰੀ**

- ਕੀ ਤੁਹਾਨੂੰ ਤੁਰੰਤ ਡਾਕਟਰ ਨੂੰ ਮਿਲਣ ਦੀ ਲੋੜ ਹੈ?
- ਤਰਜੀਹੀ ਪ੍ਰਾਇਮਰੀ ਕੇਅਰ ਸੈਂਟਰ (PPCCs) ਕਿਸੇ ਵੀ ਸੱਟ ਜਾਂ ਬਿਮਾਰੀ ਵਾਲੇ ਕਿਸੇ ਵੀ ਵਿਅਕਤੀ ਲਈ ਤੁਰੰਤ ਮੁਫ਼ਤ ਇਲਾਜ ਪ੍ਰਦਾਨ ਕਰਦੇ ਹਨ।
- PPCC ਦੇ ਡਾਕਟਰ ਹਸਪਤਾਲ ਦੇ ਐਮਰਜੈਂਸੀ ਵਿਭਾਗ ਨਾਲੋਂ ਜਲਦੀ ਇਲਾਜ ਕਰਨ ਵਿੱਚ ਤੁਹਾਡੀ ਮੱਦਦ ਕਰਨਗੇ।
- ਉਹ ਹਲਕੀਆਂ ਲਾਗਾਂ, ਮਾਮੂਲੀ ਸੜਨ, ਮੋਚ ਜਾਂ ਸ਼ੱਕੀ ਟੁੱਟੀਆਂ ਹੱਡੀਆਂ ਵਰਗੀਆਂ ਚੀਜ਼ਾਂ ਦਾ ਇਲਾਜ ਕਰ ਸਕਦੇ ਹਨ।
- ਜੇਕਰ ਤੁਹਾਨੂੰ ਕੋਈ ਗੰਭੀਰ ਸੱਟ ਜਾਂ ਬਿਮਾਰੀ ਹੈ, ਤਾਂ ਟ੍ਰਿਪਲ ਜ਼ੀਰੋ (000) ਨੂੰ ਫ਼ੋਨ ਕਰੋ।
- ਜੇ ਤੁਹਾਨੂੰ ਤੁਰੰਤ ਦੇਖਭਾਲ ਦੀ ਲੋੜ ਨਹੀਂ ਹੈ, ਤਾਂ ਆਪਣੇ ਆਮ ਡਾਕਟਰ ਨਾਲ ਮੁਲਾਕਾਤ ਦਾ ਪ੍ਰਬੰਧ ਕਰੋ।
- PPCC ਸੇਵਾਵਾਂ ਵਿੱਚ ਪੈਥੋਲੋਜੀ, ਰੇਡੀਓਲੋਜੀ ਅਤੇ ਫਾਰਮੇਸੀ ਸ਼ਾਮਲ ਹਨ।
- PPCC ਸੇਵਾਵਾਂ ਮੈਡੀਕੇਅਰ ਕਾਰਡ ਦੇ ਨਾਲ ਜਾਂ ਬਗ਼ੈਰ ਹਰੇਕ ਲਈ ਮੁਫ਼ਤ ਹਨ।
- PPCC ਹਫ਼ਤੇ ਦੇ ਸੱਤ ਦਿਨ, ਵਾਧੂ ਘੰਟਿਆਂ ਲਈ ਖੁੱਲ੍ਹੇ ਹਨ।
- ਤੁਹਾਨੂੰ ਮੁਲਾਕਾਤ (ਅਪੋਇੰਟਮੈਂਟ) ਬੁੱਕ ਕਰਨ ਦੀ ਲੋੜ ਨਹੀਂ ਹੈ।
- ਵਿਕਟੋਰੀਆ ਭਰ ਵਿੱਚ PPCC ਖੁੱਲ੍ਹ ਰਹੇ ਹਨ।
- ਸਥਾਨਾਂ ਅਤੇ ਹੋਰ ਜਾਣਕਾਰੀ ਲਈ ਬੈਟਰ ਹੈਲਥ ਚੈਨਲ 'ਤੇ ਜਾਓ: www.betterhealth.vic.gov.au/health/servicesandsupport/priority-primary-care-centres
- PPCC ਵਿੱਚ ਦੁਭਾਸ਼ੀਏ ਉਪਲਬਧ ਹਨ। ਟਰਾਂਸਲੇਟਿੰਗ ਅਤੇ ਇੰਟਰਪ੍ਰੇਟਿੰਗ ਸਰਵਿਸ TIS ਨੈਸ਼ਨਲ ਨੂੰ 131 450 'ਤੇ ਫ਼ੋਨ ਕਰੋ।

VICTORIA State Government | Department of Health